# ਬਾਬਾ ਈਸ਼ਰ ਸਿੰਘ ਜੀ
## (ਨਾਨਕਸਰ ਕਲੇਰਾਂ)

ਸਿੱਖ ਧਰਮ ਦੇ ਸੱਚੇ-ਸੁੱਚੇ ਉਪਦੇਸ਼ਕ, ਦਰਗਾਹੀ ਹਸਤੀ, ਬ੍ਰਹਮ ਗਿਆਨੀ ਬਾਬਾ ਈਸ਼ਰ ਸਿੰਘ ਜੀ ਨਿਰੰਕਾਰ ਪਾਤਸ਼ਾਹ ਜੀ ਵੱਲੋਂ ਵਰੋਸਾਏ ਹੋਏ ਜਗਤ ਜਲੰਦੇ ਨੂੰ 'ਗੁਰਮਤਿ ਗਾਡੀ ਰਾਹ' ਦਾ ਸੰਦੇਸ਼ ਦੇਣ ਲਈ 13 ਚੇਤ ਸੰਨ 1913 ਨੂੰ ਪਿੰਡ ਝੋਰੜਾਂ, ਜ਼ਿਲਾ ਲੁਧਿਆਣਾ ਵਿਖੇ ਪਿਤਾ ਸ੍ਰ: ਬੱਗਾ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਪ੍ਰਤਾਪ ਕੌਰ ਜੀ ਦੀ ਸੁਭਾਗੀ ਕੁੱਖ ਤੋਂ ਜਨਮ ਲਿਆ,

*ਧੰਨੁ ਸੁ ਵੰਸੁ ਧੰਨੁ ਸੁ ਪਿਤਾ*
*ਧੰਨੁ ਸੁ ਮਾਤਾ ਜਿਨਿ ਜਨ ਜਣੇ*
*ਕਬੀਰ ਸੋਈ ਕੁਲ ਭਲੀ*
*ਜਾ ਕੁਲ ਹਰਿ ਕੋ ਦਾਸੁ*
*ਧੰਨੁ ਧੰਨੁ ਪਿਤਾ ਧਨ ਧੰਨੁ ਕੁਲੁ*
*ਧਨੁ ਧਨੁ ਸੁ ਜਨਨੀ*
*ਜਿਨਿ ਗੁਰੂ ਜਣਿਆ ਮਾਇ॥*

ਆਪ ਜੀ ਦੇ ਚਾਰ ਭਰਾ ਤੇ ਦੋ ਭੈਣਾਂ ਸਨ। ਬਾਬਾ ਜੀ ਦਾ ਬਚਪਨ ਦਾ ਨਾਮ ਇੰਦਰ ਸਿੰਘ ਸੀ। ਬਚਪਨ ਤੋਂ ਹੀ ਇਨ੍ਹਾਂ ਦੀ ਲਗਨ ਸੰਤ ਸੁਭਾਅ ਵਾਲੀ, ਮਿੱਠ ਬੋਲਣੀ, ਸੇਵਾ ਭਾਵ ਤੇ ਪਰਉਪਕਾਰਤਾ ਵਾਲੀ ਸੀ। ਮੁੱਢ ਤੋਂ ਹੀ ਗੁਰ ਇਤਿਹਾਸ ਤੇ ਹੋਰ ਸੰਤਾਂ ਮਹਾਂਪੁਰਸ਼ਾਂ ਦੀਆਂ ਕਥਾ ਕਹਾਣੀਆਂ ਸੁਣਨ ਵੱਲ ਆਪ ਜੀ ਦੀ ਰੁੱਚੀ ਰਹਿੰਦੀ ਸੀ। ਇਸੇ ਕਾਰਨ ਆਮ ਬੱਚਿਆਂ ਵਾਲੀਆਂ ਚੰਚਲ ਖੇਡਾਂ ਆਪ ਨੂੰ ਬਿਲਕੁਲ ਵੀ ਪਸੰਦ ਨਹੀਂ ਸਨ। ਹਾਣੀਆਂ ਨਾਲ ਖੇਡਣ ਕੁੱਦਣ ਦੀ ਬਜਾਇ ਆਪ ਇਕਾਂਤ ਵਾਸ ਅਤੇ ਸ਼ਾਂਤ ਵਾਤਾਵਰਣ ਵਿੱਚ ਰਹਿ ਕੇ ਨਿਰੰਕਾਰ ਪਾਤਸ਼ਾਹ ਜੀ ਨੂੰ ਸਿਮਰਨਾ ਵਧੇਰੇ ਪਸੰਦ ਕਰਦੇ ਸਨ।

ਜਦੋਂ ਆਪ ਪੰਜ ਸਾਲ ਦੇ ਹੋਏ ਤਾਂ ਨੇੜਲੇ ਪਿੰਡ ਨੱਥੋਵਾਲ ਵਿਖੇ ਪੜ੍ਹਣ ਭੇਜੇ ਗਏ ਪਰ ਆਪ ਜੀ ਦਾ ਮਨ ਪੜ੍ਹਾਈ ਵੱਲ ਉੱਕਾ ਹੀ ਨਾ ਲੱਗਾ। ਵੱਡੇ ਭਰਾ ਸ੍ਰ: ਫੱਗਣ ਸਿੰਘ ਤੇ ਕਈ ਹੋਰ ਪਿੰਡ ਵਾਸੀਆਂ ਨੇ ਭੀ ਪੜ੍ਹਾਉਣ ਦਾ ਯਤਨ ਕੀਤਾ ਪਰ ਆਪ ਜੀ ਦੇ ਬਿਰਕਤ ਤੇ ਵੈਰਾਗੀ ਸੁਭਾਅ ਅੱਗੇ ਕਿਸੇ ਦੀ ਕੋਈ ਪੇਸ਼ ਨਾ ਗਈ। ਜਿਉਂ-2 ਪ੍ਰੀਵਾਰ ਨੇ ਦੁਨਿਆਵੀ ਵਿੱਦਿਆ ਪੜ੍ਹਾਉਣੀ ਚਾਹੀ ਤਿਉਂ-2 ਹੀ ਹੋਰ ਵਧੇਰੇ ਲਗਨ, ਪ੍ਰੇਮ ਤੇ ਉਤਸ਼ਾਹ ਨਾਲ ਆਪ ਜੀ ਨੂੰ ਨਿਰੰਕਾਰ ਵੱਲ ਖਿੱਚ ਪੈਂਦੀ ਗਈ। ਆਖਰ ਘਰਦਿਆਂ ਨੇ ਪਿਤਾ ਪੁਰਖੀ ਕਿੱਤੇ ਦੇ ਕੰਮ ਵਿੱਚ ਹੱਥ ਵਟਾਉਣ ਲਈ ਲਾ ਲਿਆ। ਖੇਤੀ ਬਾੜੀ ਦਾ ਕੰਮ ਆਪ ਪੂਰੀ ਲਗਨ ਤੇ ਤਨਦੇਹੀ ਨਾਲ ਕਈ ਸਾਲ ਤੋਂ ਨਿਰੰਤਰ ਕਰਦੇ ਰਹੇ। ਪਰ 'ਹੱਥ ਕਾਰ ਵੱਲ ਚਿੱਤ ਨਿਰੰਕਾਰ ਵੱਲ' ਦੇ ਕਥਨ ਅਨੁਸਾਰ ਕਿਸੇ ਪੂਰਨ ਮਹਾਂਪੁਰਸ਼ ਦੀ ਭਾਲ ਲਈ ਅਤੇ ਸੰਸਾਰਿਕ ਵਿਰਤੀਆਂ ਤੋਂ ਉਪਰਾਮਤਾ ਪਾਉਣ ਲਈ ਹਰ ਸਮੇਂ ਇਨ੍ਹਾਂ ਦੇ ਅੰਤਰੀਵ ਹਿਰਦੇ ਉੱਪਰ ਉਦਾਸੀ, ਉਪਰਾਮਤਾ, ਵੈਰਾਗ ਤੇ ਵੇਦਨਾ ਦੇ ਚਿੰਨ ਉੱਕਰੇ ਭਲੀ ਭਾਂਤ ਦੇਖੇ ਜਾ ਸਕਦੇ ਸਨ। ਜਿਸ ਕਾਰਨ ਆਪ ਜੀ ਨੇ ਜ਼ਿੰਮੀਦਾਰੀ ਦਾ ਕੰਮ ਕਰਦੇ ਹੋਇਆਂ ਭੀ 'ਕਸਤੂਰੀ-ਮਿਰਗ' ਅਵਸਥਾ ਵਾਂਗ ਜਿੱਥੇ ਵੀ ਕਿਧਰੇ ਕਿਸੇ ਸੰਤ ਮਹਾਤਮਾ ਦਾ ਪਿੰਡ ਦੇ ਨੇੜੇ ਆਉਣ ਦਾ ਪਤਾ ਲੱਗਦਾ ਆਪ ਬਿਹਬਲਤਾ ਨੂੰ ਲੈ ਕੇ ਉੱਥੇ ਜ਼ਰੂਰ ਪਹੁੰਚ ਜਾਂਦੇ। ਬਾਬਾ ਜੀ ਬਚਨ ਕਰਦੇ ਸਨ ਕਿ "ਤੂੰ ਮਹਾਂਪੁਰਸ਼ ਨੂੰ ਸੱਜਣ ਬਣਾ ਲੈ, ਮਹਾਂਪੁਰਸ਼ ਤੇਰੇ ਸੱਜਣ ਬਣ ਜਾਣਗੇ, **ਇਕ ਸਜਣ ਸਭ ਸਜਨਾ॥** ਨਾਲੇ ਲੋਕ ਦੇ ਤੇ ਨਾਲੇ ਪ੍ਰਲੋਕ ਦੇ। ਦੁਨੀਆਂਦਾਰੀ ਮਤਲਬੀ ਸੱਜਣ। ਦੇਖਾ ਦੇਖੀ ਦੇ ਸੱਜਣ, ਝੂਠੇ ਸੱਜਣ, ਧੋਖੇਬਾਜ਼ ਸੱਜਣ, ਗੁਰੂ ਨਾਨਕ ਸਾਡੇ ਸੱਚੇ ਸੱਜਣ। ਜਿਹੜੇ ਇੱਥੇ ਵੀ ਨਾ ਵਿਛੜਣ ਤੇ ਨਾਲੇ ਦਰਗਾਹ ਵਿੱਚ ਵੀ ਨਾ ਵਿਛੜਣ, ਅਜਿਹੇ ਗੁਰੂ ਜਾਂ ਗੁਰੂਪਿਆਰਿਆਂ ਨੂੰ ਸੱਜਣ ਬਣਾ ਲਵੋ। ਸਾਰੀ ਦੁਨੀਆਂ ਸੱਜਣ ਬਣ ਜਾਵੇਗੀ। ਜਿਹੜਾ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਨਾਲ ਸਾਨੂੰ ਲਗਾ ਦੇਵੇ।"

ਆਪ ਅਜੇ 10-11 ਕੁ ਸਾਲ ਦੇ ਹੀ ਹੋਏ ਸਨ ਕਿ ਜਦੋਂ ਪਰਾ ਪੂਰਬਲਾ ਅੰਕੁਰ ਜਾਗਣ 'ਤੇ ਪੂਰਨ ਬ੍ਰਹਮ ਗਿਆਨੀ, ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਨੇ ਇਨ੍ਹਾਂ ਦੇ ਹੀ ਪਿੰਡ ਵਿਖੇ ਆ ਦਰਸ਼ਨ ਦਿੱਤੇ ਤਾਂ ਆਪ ਜੀ ਜਿੱਥੇ ਤਨ ਮਨ ਦੀ ਹਾਜ਼ਰੀ-ਰੋਜ਼ਾਨਾ ਦੀਵਾਨ ਵਿੱਚ ਲਾਉਣੀ ਕੀਤੀ ਉੱਥੇ ਸੰਗਤਾਂ ਨਾਲ ਰਲ ਕੇ ਲੰਗਰ ਪਾਣੀ ਤੇ

ਪੱਖੇ ਆਦਿ ਦੀ ਸੇਵਾ ਵੀ ਭਾਰੀ ਲਗਨ ਤੇ ਪ੍ਰੇਮ ਸ਼ਰਧਾ ਨਾਲ ਨਿਭਾਈ। ਇਸਤੋਂ ਬਾਅਦ ਰੋਜ਼ਾਨਾ ਹੀ ਆਪ ਗੁਰਸਿੱਖ ਸੰਗਤਾਂ ਨਾਲ ਬਾਬਾ ਜੀ ਦੇ ਦਰਸ਼ਨਾਂ ਨੂੰ ਨਾਨਕਸਰ ਕਲੇਰਾਂ ਜਾਂਦੇ ਰਹੇ ਤੇ ਕਈ ਕਈ ਦਿਨ ਉੱਥੇ ਰਹਿ ਕੇ ਸੇਵਾ ਵੀ ਕਰਦੇ। ਇਸ ਤਰ੍ਹਾਂ ਪ੍ਰਮਾਰਥ ਦੀ ਲਗਨ ਦਿਨੋ ਦਿਨ ਵਧਦੀ ਹੀ ਗਈ। ਤਿੰਨ ਸਾਲ ਬਾਅਦ ਜਦੋਂ ਬਾਬਾ ਜੀ ਦੁਬਾਰਾ ਪਿੰਡ ਆਏ ਤਾਂ ਫਿਰ ਕੀ ਸੀ। ਬੱਸ ਅਜਿਹੀ ਖਿੱਚ ਪਈ ਕਿ ਘਰ ਬਾਰ ਤਿਆਗ ਕੇ ਗੁਰੂ ਘਰ ਦੇ ਹੀ ਬਣ ਕੇ ਰਹਿ ਗਏ। ਬਾਬਾ ਜੀ ਦੀ ਸ਼ਰਨ ਵਿੱਚ ਆ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ, ਜਪ, ਤਪ, ਸੰਜਮ, ਵੈਰਾਗ ਤੇ ਗਿਆਨ ਦੀ ਉੱਚ ਅਵਸਥਾ ਪ੍ਰਾਪਤ ਕਰਨ ਵਿੱਚ ਜੁੱਟ ਗਏ ਤੇ ਸੰਗਤਾਂ ਦੀ ਹੱਥੀਂ ਸੇਵਾ ਕਰਨ ਵਿੱਚ ਪੂਰੀ ਭਾਵਨਾ ਵਿਅਕਤ ਕਰ ਦਿਖਾਈ।

ਇਸ ਵਿਰਤੀ ਨੂੰ ਤੱਕ ਕੇ ਬਾਬਾ ਜੀ ਨੇ ਆਪ ਜੀ ਨੂੰ ਆਪਣੇ ਵਿੱਦਿਆ ਗੁਰੂ ਸੰਤ ਵਧਾਵਾ ਸਿੰਘ ਜੀ ਲਹਿਰਾ ਖਾਨਾ ਪਾਸ ਪ੍ਰਮਾਰਥ ਦੀ ਪੜ੍ਹਾਈ ਪੜ੍ਹਨ ਭੇਜ ਦਿੱਤਾ। ਉੱਥੇ ਕਈ ਸਾਲ ਰਹਿ ਕੇ ਆਪ ਜੀ ਨੇ ਇਹ ਵਿੱਦਿਆ ਸੰਪੂਰਨ ਕੀਤੀ ਤੇ ਫਿਰ ਬਾਬਾ ਜੀ ਪਾਸ ਨਾਨਕਸਰ ਕਲੇਰੀ ਆ ਗਏ ਅਤੇ ਬਾਬਾ ਜੀ ਦੀ ਹਜ਼ੂਰੀ ਸੇਵਾ ਸੰਭਾਲੀ। ਪ੍ਰੇਮ ਅਤੇ ਗੁਰਬਾਣੀ ਦੇ ਕੀਤੇ ਡੂੰਘੇ ਅਧਿਐਨ ਤੋਂ ਬਹੁਤ ਖੁਸ਼ ਹੋਏ।

ਬੜੇ ਪਿਆਰ ਨਾਲ ਸੇਵਾ ਕਰ ਰਹੇ ਸਨ। ਨਾਮ ਇੰਦਰ ਸਿੰਘ ਤੋਂ ਬਦਲ ਕੇ ਈਸ਼ਰ ਸਿੰਘ ਰੱਖਿਆ। ਹਰ ਵਕਤ ਹਜ਼ੂਰੀ ਸੇਵਾ ਵਿੱਚ ਹੀ ਲੱਗੇ ਰਹਿੰਦੇ ਸਨ ਆਪਣੇ ਸਰੀਰ ਦੀ ਸੁੱਧ ਬੁੱਧ ਹੀ ਨਹੀਂ ਰਹਿੰਦੀ ਸੀ। ਚਰਨਾਂ ਵਿੱਚ ਨਾ ਜੋੜਾ ਪਹਿਨ ਸਕਦੇ ਸਨ ਨਾ ਜ਼ੁਰਾਬ ਪਾ ਸਕਦੇ ਸਨ। ਹਰ ਸਮੇਂ ਚਰਨਾਂ ਵਿੱਚ ਬਿਆਈਆਂ ਪਾਟੀਆਂ ਰਹਿੰਦੀਆਂ ਸਨ। ਬਿਆਈਆਂ ਵਿੱਚ ਰੋੜ ਫਸੇ ਰਹਿੰਦੇ ਸਨ। ਆਪ ਜੀ ਨੇ ਆਪਣੇ ਆਰਾਮ ਵਾਸਤੇ ਕੋਈ ਕੁੱਲੀ ਨਹੀਂ ਸੀ ਰੱਖੀ। ਜੇ ਕਦੀ ਕੁਝ ਸਮਾਂ ਵੀ ਮਿਲ ਜਾਂਦਾ ਸੀ (ਜਦੋਂ ਕਿ ਬਾਬਾ ਨੰਦ ਸਿੰਘ ਜੀ ਨਿੱਤਨੇਮ ਵਿੱਚ ਹੁੰਦੇ ਸਨ) ਤਾਂ ਆਪ ਜੀ ਗੇਟ ਮੂਹਰੇ ਹੀ ਬੈਠੇ ਰਹਿੰਦੇ ਸਨ। ਤਾਂ ਕਿ ਕਿਤੇ ਆਵਾਜ਼ ਨਾ ਪੈ ਜਾਵੇ ਅਤੇ ਜਦੋਂ ਕਿਤੇ ਬਾਬਾ ਜੀ ਆਵਾਜ਼ ਮਾਰਦੇ ਸਨ ਈਸ਼ਰ ਤਾਂ ਦਬਾ ਦਬ ਭੱਜ ਲੈਣਾ ਅਤੇ ਕਈ ਵਾਰ ਕੰਧ ਵਿੱਚ ਜਾਂ ਥਮਲੇ ਵਿੱਚ ਸੀਸ ਵੱਜਣਾ, ਮੱਥੇ ਤੇ ਮਘਰੋੜੀਆਂ ਹੋ ਜਾਣੀਆਂ ਪਰ ਫਿਰ ਭੱਜ ਲੈਣਾ। ਅਖੀਰ ਅਵਸਥਾ ਬਾਬਾ ਜੀ ਨਾਲ ਇੱਕ ਮਿਕ ਹੋ ਜਾਣ ਵਾਲੀ ਗੱਲ ਹੋ ਗਈ ਸੀ। ਬਾਬਾ ਨੰਦ ਸਿੰਘ ਜੀ ਨੇ ਹਲੇ ਫੁਰਨਾ ਹੀ ਬਨਾਉਣਾ ਕਿਸੇ ਚੀਜ਼ ਦਾ (ਜਿਵੇਂ ਦਹੀਂ ਲੱਸੀ ਦੁੱਧ ਆਦਿ ਦਾ) ਤਾਂ ਬਾਬਾ ਈਸ਼ਰ ਸਿੰਘ ਜੀ ਪਹਿਲਾਂ ਹੀ ਉਹੋ ਵਸਤੂ ਲੈ ਕੇ ਖੜ੍ਹੇ ਹੁੰਦੇ ਸਨ। ਬਾਬਾ ਨੰਦ ਸਿੰਘ ਜੀ ਨੇ ਇਸ ਗੱਲ ਦਾ ਜ਼ਿਕਰ ਕਈ ਵਾਰ ਦੀਵਾਨ ਵਿੱਚ ਕਰਨਾ। ਬਾਬਾ ਈਸ਼ਰ ਸਿੰਘ ਜੀ ਹਰ ਵੇਲੇ ਸੇਵਾ ਵਿੱਚ ਤਤਪਰ ਰਹਿੰਦੇ ਸਨ। ਹੱਥਾਂ ਦੀ ਹਾਲਤ ਇਹ ਹੋ ਗਈ ਸੀ ਕਿ ਸੇਵਾ ਕਰਦੇ-ਕਰਦੇ ਹਸਤ ਕਮਲਾਂ ਦੀਆਂ ਕੁੱਝ ਉਂਗਲਾਂ ਦੇ ਨੌਂਹ ਉਖੜ ਗਏ ਸਨ। ਜਿਨ੍ਹਾਂ ਹਸਤ ਕਮਲਾਂ ਨੇ ਮਗਰੋਂ ਲੱਖਾਂ ਕਰੋੜਾਂਪਤੀਆਂ ਤੋਂ ਲੈ ਕੇ ਗਰੀਬਾਂ ਅਨਾਥਾਂ ਤੱਕ ਨੂੰ ਨਿਵਾਜਿਆ। ਜੇ ਕਿਸੇ ਵੱਲ ਮਿਹਰ ਭਰਿਆ ਹੱਥ ਕਰ ਦਿੰਦੇ ਸਨ ਤਾਂ ਉਸ ਪ੍ਰਾਣੀ ਨੂੰ ਸੁੱਧ ਬੁੱਧ ਹੀ ਨਹੀਂ ਰਹਿੰਦੀ ਸੀ ਅਤੇ ਸਿਰ ਤੋਂ ਲੈ ਕੇ ਪੈਰਾਂ ਤੱਕ ਬਿਜਲੀ ਦੇ ਕਰੰਟ ਦੀ ਲਹਿਰ ਦੌੜ ਜਾਂਦੀ ਸੀ ਜਿਸ ਕਰੰਟ ਦੀ ਅਗੰਮੀ ਛੋਹ ਨਾਲ ਉਸ ਦੇ ਪਾਪ ਕੰਬ ਉੱਠਦੇ ਸਨ ਅਤੇ ਪਸ਼ਚਾਤਾਪ ਕਰਨ ਲਈ ਉਸ ਪ੍ਰਾਣੀ ਦੀਆਂ ਅੱਖਾਂ ਤਾਂਈ ਹੰਝੂ ਵਹਿ ਤੁਰਦੇ ਸਨ।

ਇੱਕ ਸਮੇਂ ਸੋਲਨ ਦੀ ਪਹਾੜੀ ਤੇ ਬਾਬਾ ਨੰਦ ਸਿੰਘ ਜੀ ਮਹਾਰਾਜ ਦਾ ਆਸਣ ਸੀ। ਉਸ ਆਸਣ ਵਾਲੀ ਥਾਂ ਤੋਂ ਪਾਣੀ ਦਾ ਚਸ਼ਮਾ ਦੋ ਮੀਲ ਸਿੱਧੀ ਉਤਰਾਈ ਤੇ ਸੀ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਬਾਬਾ ਨੰਦ ਸਿੰਘ ਜੀ ਦੇ ਇਸ਼ਨਾਨ ਵਾਸਤੇ ਜਲ ਲੈਣ ਲਈ ਚਸ਼ਮੇ ਤੇ ਗਏ। ਕੁਦਰਤ ਨਾਲ ਬੱਦਲਾਂ ਦੇ ਆਉਣ ਨਾਲ ਘੁੱਪ ਹਨੇਰਾ ਹੋ ਗਿਆ। ਰਸਤਾ ਭੁੱਲ ਗਏ। ਫਿਰ ਭੀ ਆਉਣ ਲੱਗੇ ਨਿਸ਼ਾਨੀ ਵਜੋਂ ਲੀਰਾਂ ਬੰਨ ਆਉਂਦੇ ਸਨ। ਸੋ ਬੜੀ ਮੁਸ਼ਕਲ ਨਾਲ ਸਿਰ ’ਤੇ ਜਲ ਦਾ ਵੱਡਾ ਟੀਨ ਚੁੱਕਿਆ ਹੋਇਆ ਇਸ਼ਨਾਨ ਦੇ ਟਾਈਮ (ਰਾਤ ਦੇ ਸਵਾ ਬਾਰਾਂ ਵਜੇ) ਤੋਂ ਪਹਿਲਾਂ-ਪਹਿਲਾਂ ਪਹੁੰਚ ਗਏ। ਇਸ਼ਨਾਨ ਕਰਵਾਇਆ। ਪਰ ਹੁਣ ਹੋਰ ਪਰਚਾ ਪੈ ਗਿਆ। ਬਾਬਾ ਜੀ ਤੰਬੂ ਵਿੱਚ ਬਿਰਾਜਮਾਨ ਸਨ। ਇੱਕੋ ਹੀ ਤੰਬੂ ਸੀ। ਬੜੀ ਜ਼ੋਰਦਾਰ ਬਾਰਸ਼ ਸ਼ੁਰੂ ਹੋ ਗਈ। ਇਸ਼ਨਾਨ ਤੋਂ ਬਾਦ ਚਾਹ ਛਕਾਉਣੀ ਸੀ ਲੱਕੜਾਂ ਗਿੱਲੀਆਂ ਸਨ। ਬਾਬਾ ਈਸ਼ਰ ਸਿੰਘ ਜੀ ਨੇ ਇੱਕ ਪੱਥਰ ਦੇ ਉਹਲੇ ਹੋ ਕੇ ਛੱਤਰੀ ਤਾਣ ਲਈ ਅਤੇ ਅੱਗ ਮਚਾਉਣ ਲੱਗੇ। ਗਿੱਲੇ ਬਾਲਣ ਨੂੰ ਅੱਗ ਨਾ ਲੱਗੇ। ਆਪ ਜੀ ਨੇ ਆਪਣੀ ਦਸਤਾਰ ਉਤਾਰ ਲਈ। ਥੋੜ੍ਹੀ ਥੋੜ੍ਹੀ ਕਰ ਕੇ ਸਾਰੀ ਦਸਤਾਰ ਮਚਾ ਦਿੱਤੀ। ਫਿਰ ਆਪ ਜੀ ਨੇ ਆਪਣਾ ਚੋਲਾ ਥੋੜ੍ਹਾ ਥੋੜ੍ਹਾ ਪਾੜ ਕੇ ਮਚਾਉਣਾ ਸ਼ੁਰੂ ਕੀਤਾ ਅਤੇ ਠੀਕ ਸਮੇਂ ਸਿਰ ਬਾਬਾ ਜੀ ਦੇ ਸਾਹਮਣੇ ਚਾਹ ਹਾਜ਼ਰ ਕਰ ਦਿੱਤੀ। ਬਾਬਾ ਜੀ ਨੇ (ਬਾਬਾ) ਈਸ਼ਰ ਸਿੰਘ ਜੀ ਨੂੰ ਛਾਤੀ ਨਾਲ ਲਾ ਲਿਆ।

ਇੱਕ ਹੋਰ ਜਗ੍ਹਾਂ ਬਾਬਾ ਨੰਦ ਸਿੰਘ ਜੀ ਮਹਾਰਾਜ ਪਹਾੜੀ ਖੱਡ ਵਿੱਚ ਬਿਰਾਜਮਾਨ ਹੋ ਕੇ ਭਗਤੀ ਕਰ ਰਹੇ ਸਨ। ਅਚਾਨਕ ਇੱਕ ਦਮ ਹੀ ਬੜੀ ਤੇਜ਼ੀ ਨਾਲ ਗੜੇ ਪੈਣੇ ਸ਼ੁਰੂ ਹੋ ਗਏ। (ਬਾਬਾ ਈਸ਼ਰ ਸਿੰਘ ਜੀ) ਹਜ਼ੂਰੀ ਸੇਵਾ ਵਿੱਚ ਖੜੇ ਸਨ। ਇਹਨਾਂ ਨੇ ਇੱਕ ਦਮ ਝੁਕ ਕੇ ਆਪਣਾ ਸਰੀਰ ਬਾਬਾ ਜੀ ਦੇ ਸੀਸ ਤੇ ਝੁਕਾ ਦਿੱਤਾ। ਸਾਰੇ ਗੜੇ ਆਪ ਜੀ ਨੇ ਆਪਣੇ ਸਰੀਰ ਤੇ ਹੀ ਝੱਲੇ। ਇਸ ਮੌਕੇ ਭੀ ਬਾਬਾ ਜੀ ਆਪ ਜੀ ਤੇ ਬਹੁਤ ਖੁਸ਼ ਹੋਏ।

ਇੱਕ ਵਾਰੀ ਬਾਬਾ ਨੰਦ ਸਿੰਘ ਜੀ ਦਮਦਮਾ ਸਾਹਿਬ (ਬਠਿੰਡੇ) ਤੋਂ ਵਿਸਾਖੀ ਤੋਂ ਮਗਰੋਂ ਵਾਪਸ ਨਾਨਕਸਰ ਆ ਰਹੇ ਸਨ। ਰਸਤੇ ਵਿੱਚ ਬੜੀ ਸਖ਼ਤ ਗਰਮ ਹਵਾ ਚੱਲ ਰਹੀ ਸੀ ਅਤੇ ਕਾਰ ਤੋਂ ਬਾਹਰ ਆ ਕੇ ਆਪ ਦਰੱਖਤ ਥੱਲੇ ਜਾ ਖੜ੍ਹੇ ਹੋਏ। ਦੂਜੇ ਸੰਗੀਆਂ ਨੇ ਭੀ ਕਾਰਾਂ ਰੋਕ ਲਈਆਂ। ਬੈਠਣ ਵਾਸਤੇ ਕੋਈ ਜਗ੍ਹਾਂ ਨਹੀਂ ਸੀ। ਬਾਬਾ ਈਸ਼ਰ ਸਿੰਘ ਜੀ ਨੇ ਛੇਤੀ-ਛੇਤੀ ਇੱਕ ਮਿੱਟੀ ਦਾ ਥੜਾ ਤਿਆਰ ਕੀਤਾ ਅਤੇ ਉਸ ਉੱਪਰ ਆਪ ਜੀ ਨੇ ਆਪਣਾ ਚੋਲਾ ਲਾਹ ਕੇ ਵਿਛਾ ਦਿੱਤਾ। ਬਾਬਾ ਨੰਦ ਸਿੰਘ ਜੀ ਨੇ ਜਲ ਛਕਣ ਲਈ ਇਸ਼ਾਰਾ ਕੀਤਾ ਤਾਂ ਬਾਬਾ ਈਸ਼ਰ ਸਿੰਘ ਜੀ ਗੜਵਾ ਲੈ ਕੇ ਭੱਜ ਲਏ। ਨੇੜੇ ਤੇੜੇ ਕੋਈ ਪਿੰਡ ਨਹੀਂ ਸੀ ਚਾਰੇ ਪਾਸੇ ਰੋਹੀ ਬੀਆਬਾਨ ਸੀ। ਅਖੀਰ ਇੱਕ ਖੂਹ ਤੇ ਪਹੁੰਚੇ ਜਿਸ ਦਾ ਪਾਣੀ ਦੂਰ ਸੀ। ਨਾ ਲੱਜ ਸੀ ਨਾ ਡੋਲ ਸੀ। ਇੱਕ ਦਮ ਆਪਣੀ ਦਸਤਾਰ ਪਾੜ ਕੇ ਲੱਜ ਬਣਾ ਲਈ ਅਤੇ ਜਲ ਲਿਆ ਕੇ ਬਾਬਾ ਜੀ ਨੂੰ ਛਕਾਇਆ

ਹੋਰ ਪਰਚਾ ਪੈ ਗਿਆ। ਬਾਬਾ ਨੰਦ ਸਿੰਘ ਜੀ ਨੇ ਪ੍ਰਸ਼ਾਦੇ ਲਈ ਇਸ਼ਾਰਾ ਕੀਤਾ। ਬਾਬਾ ਈਸ਼ਰ ਸਿੰਘ ਜੀ ਭੱਜ ਕੇ ਕਾਰ ਪਾਸ ਗਏ। ਜਿਹੜਾ ਰਾਗੀ ਸਿੰਘਾਂ ਦਾ ਜੋੜੀ ਨੂੰ ਲਾਉਣ ਲਈ ਆਟਾ ਰੱਖਿਆ ਹੋਇਆ ਸੀ ਛੇਤੀ ਨਾਲ ਆਟਾ ਗੁੰਨ ਲਿਆ ਪਰ ਹੁਣ ਕੋਈ ਤਵਾ ਨਹੀਂ ਸੀ। ਇੱਕ ਜ਼ਿਮੀਦਾਰ ਆ ਰਿਹਾ ਸੀ। ਉਸ ਦੇ ਮੋਢੇ ਤੇ ਕਹੀ ਸੀ। ਉਸ ਪਾਸੋਂ ਕਹੀ ਲੈ ਕੇ ਚੁੱਲ੍ਹਾ ਪੁੱਟ ਲਿਆ। ਚੁੱਲੇ ਵਿੱਚ ਅੱਗ ਮਚਾ ਕੇ ਉੱਪਰ ਕਹੀ ਰੱਖ ਦਿੱਤੀ ਅਤੇ ਕਹੀ ਉੱਪਰ ਹੀ ਪ੍ਰਸ਼ਾਦੇ ਪਕਾ ਲਏ। ਬਾਬਾ ਜੀ ਨੇ ਪ੍ਰਸ਼ਾਦਾ ਛਕਿਆ ਅਤੇ ਆਪ ਜੀ ਨੂੰ ਬੜੀਆਂ ਖੁਸ਼ੀਆਂ ਬਖਸ਼ੀਆਂ।

ਸੋ ਇਸ ਤਰ੍ਹਾਂ ਬਾਬਾ ਈਸ਼ਰ ਸਿੰਘ ਜੀ ਨੇ ਬਾਬਾ ਨੰਦ ਸਿੰਘ ਜੀ ਦੀ ਕਈ ਸਾਲ ਦੁੱਖ, ਭੁੱਖ, ਨੀਂਦ, ਆਲਸ, ਤਿਆਗ ਕੇ ਨਿਸ਼ਕਾਮ ਪ੍ਰੇਮ ਭਾਵਨਾ ਸ਼ਰਧਾ ਨਾਲ ਸੇਵਾ ਕੀਤੀ ਜੋ ਕਿ ਇੱਕ ਮਿਸਾਲ ਹੈ। ਅਖੀਰ ਨਿਰੰਕਾਰ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਬਾਬਾ ਨੰਦ ਸਿੰਘ ਜੀ 13 ਭਾਦੋਂ ਸੰਮਤ 2000 ਅਰਥਾਤ 29 ਅਗਸਤ 1943 ਈ: ਨੂੰ ਦਰਗਾਹੀ ਸੱਦਾ ਆਉਣ ਤੇ ਸੱਚ ਖੰਡ ਵਿੱਚ ਜਾ ਬਿਰਾਜੇ।

***ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ॥***

***ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮੁ॥੮੪੬॥***

ਬਾਬਾ ਨੰਦ ਸਿੰਘ ਜੀ ਦੇ ਸੱਚਖੰਡ ਜਾਣ ਤੋਂ ਬਾਦ ਆਪ ਜੀ ਲਈ ਇਹ ਅਕਹਿ ਤੇ ਅਸਹਿ ਵਿਛੋੜੇ ਦਾ ਸੱਲ ਸੀ। ਸੰਗਤਾਂ ਵੱਲੋਂ ਬਾਬਾ ਜੀ ਨੂੰ ਦੁਸਹਿਰੇ ਸਮੇਂ ਆਪ ਜੀ ਨੂੰ ਦਸਤਾਰ ਭੇਟ ਕੀਤੀ ਗਈ ਪਰ ਆਪ ਜੀ ਤਾਂ ਪਿਆਰੇ ਦੇ ਵਿਛੋੜੇ ਵਿੱਚ ਗਮਗੀਨ ਅਵਸਥਾ ਵਿੱਚ ਵਿਚਰ ਰਹੇ ਸਨ।

ਕੁੱਝ ਸਮਾਂ ਬਾਬਾ ਈਸ਼ਰ ਸਿੰਘ ਜੀ ਦੇਹਰਾਦੂਨ ਤਪੱਸਿਆ ਕਰਦੇ ਰਹੇ। ਜੋ ਕਿ ਬਾਬਾ ਜੀ ਨਾਲ ਸੇਵਾ ਵਿੱਚ ਬਾਬਾ ਕੁੰਦਨ ਸਿੰਘ ਜੀ, ਬਾਬਾ ਸਾਧੂ ਸਿੰਘ ਜੀ, ਹਜੂਰੀ ਹੈਡ ਰਾਗੀ, ਬਾਬਾ ਕੇਹਰ ਸਿੰਘ ਜੀ ਇੰਦਰ ਸਿੰਘ ਜੋੜੀ ਵਾਲਾ ਜਸਵੰਤ ਸਿੰਘ ਲੰਮੇ ਜੱਟ ਪੁਰੇ ਵਾਲਾ ਆਦਿ ਨਾਲ ਸਨ। ਬਾਬਾ ਈਸ਼ਰ ਸਿੰਘ ਜੀ ਸੱਤ ਸਾਲ ਝੋਰੜਾਂ ਵਿਖੇ ਭੋਰਾ ਸਾਹਿਬ ਵਿੱਚ ਤਪੱਸਿਆ ਕਰਦੇ ਰਹੇ। ਇਸੇ ਜਗ੍ਹਾ ਪਿੰਡ ਝੋਰੜਾਂ ਦੀ ਪਵਿੱਤਰ ਧਰਤੀ ਤੇ ਸੰਤ ਬਾਬਾ ਨਰੈਣ ਸਿੰਘ ਜੀ ਨੇ 13 ਮੰਜ਼ਲਾ ਠਾਠ ਬਣਾਇਆ। ਬਾਬਾ ਨੰਦ ਸਿੰਘ ਜੀ ਦੀ ਚਲਾਈ ਹੋਈ ਮਰਯਾਦਾ ਤੇ ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਰੂਪ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਨਾਲ ਜੋੜਨ ਲਈ। ਕਥਾ ਕੀਰਤਨ ਤੇ ਬਚਨ ਬਿਲਾਸ ਕਰਨੇ ਆਰੰਭ ਕੀਤੇ। ਜਦੋਂ ਬਾਬਾ ਜੀ ਦੀ ਸੋਅ ਸੁਣੀ ਸੰਗਤਾਂ ਵੀ ਹੁੰਮ ਹੁਮਾਕੇ ਆਪ ਜੀ ਦੇ ਦਰਸ਼ਨਾਂ ਨੂੰ ਪਹੁੰਚ ਰਹੀਆਂ ਸਨ। ਸੰਨ 1950 ਵਿੱਚ ਨਾਨਕਸਰ ਠਾਠ ਕਲੇਰਾਂ ਵਿਖੇ 13 ਹਾੜ ਨੂੰ ਸਰੋਵਰ ਬਣਾਉਣ ਦਾ ਟੱਕ ਲਾਇਆ। ਜਿਸ ਦੇ ਮੁਕੰਮਲ ਹੋਣ ਲਈ ਇੰਜਨੀਅਰ ਤੇ ਮਿਸਤਰੀ ਘੱਟੋ-ਘੱਟ ਛੇ ਮਹੀਨੇ ਦਾ ਸਮਾਂ ਮਿੱਥਦੇ ਸਨ ਪਰ ਆਪ ਜੀ ਨੇ ਗੁਰੂ ਨਾਨਕ ਪਾਤਸ਼ਾਹ ਜੀ ਦੀ ਮਿਹਰ ਦਾ ਸਦਕਾ ਕੇਵਲ 28 ਦਿਨਾਂ ਵਿੱਚ ਸਰੋਵਰ ਤਿਆਰ ਕਰਕੇ ਸੰਗਤਾਂ ਨੂੰ ਇਸ਼ਨਾਨ ਕਰਵਾ ਦਿੱਤਾ। ਨਾਲ ਦੀ ਨਾਲ ਭੋਰਾ ਸਾਹਿਬ ਦੇ ਸੱਚਖੰਡ ਤੇ ਬਾਬਾ ਨੰਦ ਸਿੰਘ ਜੀ ਦੇ ਤਪ ਅਸਥਾਨ ਦੀ ਸੇਵਾ ਆਰੰਭ ਕੀਤੀ। ਥੋੜ੍ਹੇ ਹੀ ਸਮੇਂ ਵਿੱਚ ਪੰਜ ਮੰਜ਼ਲਾ ਠਾਠ ਬਣਵਾਕੇ ਗੁਮਜਾਂ ਤੇ ਸੋਨਾ ਚੜ੍ਹਵਾ ਦਿੱਤਾ। ਦੀਵਾਨ ਹਾਲ ਬਾਰ੍ਹਾਂ ਦਰੀ ਆਦਿ ਬੜੀ ਜਲਦੀ ਤਿਆਰ ਕਰਵਾਏ ਇਲਾਕੇ ਦੀਆਂ ਸੰਗਤਾਂ ਮਿਸਤਰੀ ਤੇ ਸੇਵਾਦਾਰ ਦੂਰ ਨੇੜੇ ਤੋਂ ਬੜੀ ਖੁਸ਼ੀ ਤੇ ਉਤਸ਼ਾਹ ਨਾਲ ਸੇਵਾ ਕਰਦੇ ਸਨ। ਇਹ ਸਭ ਬਾਬਾ ਈਸ਼ਰ ਸਿੰਘ ਜੀ ਨੇ ਥੋੜ੍ਹੇ ਜਿਹੇ ਅਰਸੇ ਵਿੱਚ ਕਰਾਮਾਤੀ ਢੰਗ ਨਾਲ ਪੂਰਾ ਕਰ ਦਿਖਾਇਆ।

ਵੱਡੀ ਵਿਸ਼ੇਸ਼ਤਾ ਇਸ ਗੱਲ ਵਿੱਚ ਹੈ ਕਿ ਉਕਤ ਸਾਰੇ ਕਾਰਜ ਲਈ ਆਪ ਜੀ ਨੇ ਕਿਸੇ ਭੀ ਗੁਰਸਿੱਖ ਜਾਂ ਸੰਗਤਾਂ ਪਾਸੋਂ ਇੱਕ ਪੈਸੇ ਦੀ ਭੀ ਮੰਗ ਨਹੀਂ ਸੀ ਕੀਤੀ ਤੇ ਨਾ ਹੀ ਕਿਸੇ ਬਿਹੰਗਮ ਨੂੰ ਲੈਣ ਦੀ ਇਜ਼ਾਜ਼ਤ ਸੀ। ਇੱਥੋਂ ਤੱਕ ਕਿ ਆਪ ਜੀ ਬਹੁਤ ਵਾਰ ਦੀਵਾਨਾਂ ਵਿੱਚ ਕਿਹਾ ਕਰਦੇ ਸਨ ਕਿ ਅਸੀਂ ਅੱਜ ਤੱਕ ਕਿਸੇ ਵੀ ਨੋਟ ਨੂੰ ਹੱਥੀਂ ਫੜਕੇ ਨਹੀਂ ਦੇਖਿਆ ਕਿ ਕਿਹੋ ਜਿਹਾ ਹੁੰਦਾ ਹੈ। ਸੰਗਤਾਂ ਵੱਲੋਂ ਹੀ ਲੰਗਰ ਅਤੇ ਸਮਾਨ ਆਦਿ ਦਾ ਖੁਦ ਇੰਤਜ਼ਾਮ ਕੀਤਾ ਜਾਂਦਾ ਹੈ।

ਹੁਣ ਜਦੋਂ ਆਪ ਜੀ ਇਸ ਪਾਸੇ ਤੋਂ ਵਿਹਲੇ ਹੋਏ ਤਾਂ ਸੰਗਤਾਂ ਵੱਲੋਂ ਗੁਰਸਿੱਖੀ ਧਰਮ ਪ੍ਰਚਾਰ ਲਈ ਬੇਨਤੀਆਂ ਆਉਣੀਆਂ ਸ਼ੁਰੂ ਹੋ ਗਈਆਂ। ਜਿੰਨ੍ਹਾ ਨੂੰ ਪ੍ਰਵਾਨ ਕਰਦਿਆਂ ਬਾਬਾ ਜੀ ਨੇ 1953 ਈ: ਦੀ ਵਿਸਾਖੀ ਤੋਂ ਦਮਦਮਾ ਸਾਹਿਬ ਜੀ ਦੇ ਦਰਸ਼ਨ ਕਰਕੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਗੁਰੂ ਨਾਨਕ ਪਾਤਸ਼ਾਹ ਜੀ ਦਾ ਸੰਦੇਸ਼ ਦੇਣ ਤੁਰ ਪਏ। ਕਥਾ-ਕੀਰਤਨ ਦੇ ਦੀਵਾਨਾਂ ਦੇ ਨਾਲ ਨਾਲ ਅੰਮ੍ਰਿਤ ਛਕਾਉਣ ਦਾ ਪ੍ਰਵਾਹ ਵੀ ਜਾਰੀ ਰੱਖਿਆ। ਇੱਥੋਂ ਤੱਕ ਕਿ ਪੰਜਾਬ ਅਤੇ ਦੂਸਰੇ ਸੂਬਿਆਂ ਵਿੱਚ ਵੀ ਪਟਨਾ ਸਾਹਿਬ, ਦਿੱਲੀ, ਬੰਬਈ, ਗਵਾਲੀਅਰ, ਆਗਰਾ, ਇੰਦੌਰ, ਕਲੱਕਤਾ, ਸ੍ਰੀ ਹਜ਼ੂਰ ਸਾਹਿਬ ਕਾਨਪੁਰ, ਰਾਂਚੀ ਆਦਿ ਵੱਲ ਕੀ ਭਾਰਤ ਦੇ ਕੋਨੇ ਕੋਨੇ ਵਿੱਚ ਜਾ ਕੇ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਇਹ ਕਾਰਜ ਆਪ ਜੀ ਨੇ 10 ਸਾਲ ਨਿਰੰਤਰ ਜਾਰੀ ਰੱਖਿਆ ਤੇ ਲੱਖਾਂ ਹੀ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ।

ਬਾਬਾ ਜੀ ਦੇ ਧਰਮ ਪ੍ਰਚਾਰ ਦਾ ਮੁੱਖ ਸਿਧਾਂਤ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਪ੍ਰਤੱਖ ਗੁਰੂ ਮੰਨਕੇ ਇਨ੍ਹਾ ਦੀ ਸਿੱਖਿਆ ਦੀ ਰੋਸ਼ਨੀ ਵਿੱਚ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਕਰਨੀ ਅਤੇ ਦਸਮ ਪਿਤਾ ਜੀ ਦੇ ਬਖਸ਼ੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਵੰਡ ਕੇ ਗੁਰਸਿੱਖੀ ਦੀ ਫੁਲਵਾੜੀ ਨੂੰ ਫੈਲਾਉਣਾ ਸੀ। ਆਪ ਨੇ ਗੁਰਬਾਣੀ ਦੀ ਕਥਾ ਤੇ ਕੀਰਤਨ ਰਾਹੀਂ ਵਿਚਾਰਾਤਮਿਕ ਅਤੇ ਭਾਵਾਤਮਿਕ ਅਜਿਹੀ ਵਿਆਖਿਆ ਸਿੱਧੀ ਸਾਧੀ ਬੋਲੀ ਰਾਹੀਂ ਦੀਵਾਨਾਂ ਵਿੱਚ ਕਰਨੀ ਸ਼ੁਰੂ ਕੀਤੀ ਕਿ ਅਨਪੜ੍ਹ ਤੇ ਪੜ੍ਹੇ ਲਿਖੇ ਸਮੂਹ ਸਰੋਤੇ ਜਾਦੂ ਦੀ ਤਰ੍ਹਾਂ ਕੀਲੇ ਜਾਂਦੇ। ਭਗਤੀ ਤੇ ਸ਼ਕਤੀ ਦੇ ਸੁਮੇਲ, ਸੇਵਾ ਤੇ ਸਿਮਰਨ ਦੇ ਪ੍ਰਤੀਕ, ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿ ਸਕਣ ਦੀ ਨਿਡਰਤਾ ਅਤੇ ਦਲੇਰੀ ਰੱਖਣ ਵਾਲੇ ਬਾਬਾ ਜੀ ਕਿਹਾ ਕਰਦੇ ਸਨ। "ਅੰਮ੍ਰਿਤ ਛਕ ਕੇ ਹੀ ਅਸੀਂ ਗੁਰੂ ਵਾਲੇ ਬਣ ਸਕਦੇ ਹਾਂ, ਗੁਰੂ ਦੇ ਸਨਮੁਖ ਹੋ ਸਕਦੇ ਹਾਂ, ਜਿਹੜੇ ਸਿੱਖ ਪ੍ਰਵਾਰ ਵਿੱਚ ਜਨਮ ਲੈ ਕੇ ਵੀ ਅੰਮ੍ਰਿਤ ਦੀ ਦਾਤ ਹਾਸਲ ਨਹੀਂ ਕਰਦੇ ਉਹ ਬੇਮੁੱਖ ਹਨ, ਨਿਗੁਰੇ ਹਨ। ਬਾਬਾ ਜੀ ਬਖਸ਼ਿਸ਼ ਕਰਦੇ ਸਨ ਨਿਰੰਕਾਰ ਨੇ ਤੁਹਾਨੂੰ ਸ਼ੇਰ ਦਾ ਜਾਮਾ ਬਖਸ਼ਿਆ ਹੈ, ਸ਼ੇਰ ਦਾ। ਪਰ ਇੱਕ ਚਾਰ ਪੈਸੇ ਦਾ ਨਾਈ ਹੁੰਦੈ। ਨਾਲੇ ਤੁਹਾਡੀ ਬੂਥੀ ਫੜ ਲੈਂਦੈ, ਇਸ ਤਰ੍ਹਾਂ ਮਰੋੜ ਦਿੰਦੈ, ਮੂੰਹ ਤੇ ਮਾਰਦੈ ਚਪੇੜਾਂ, ਚਪੇੜਾਂ ਹੀ ਹੁੰਦੀਆਂ ਹਨ, ਹੋਰ ਕੀ ਹੁੰਦੈ ? ਨਾਲੇ ਤੁਹਾਨੂੰ ਪੈਸੇ ਦੇਣੇ ਪੈਂਦੇ ਹਨ। ਸੰਭਲੋ! ਸਿੱਖ ਨੂੰ ਤਾਂ ਸਾਬਤ ਸੂਰਤ ਹੋਣਾ ਚਾਹੀਦਾ ਹੈ। ਅੰਮ੍ਰਿਤ ਛਕਿਆ ਹੈ, ਬਾਣੀ ਪੜਦਾ ਹੈ, ਗੁਰੂ ਦਾ ਸਿੱਖ ਹੈ। ਅੰਮ੍ਰਿਤ ਨਹੀਂ ਛਕਿਆ, ਬਾਣੀ ਨਹੀਂ ਪੜ੍ਹਦਾ, ਸਿੱਖ ਨਹੀਂ ਪਿਆਰਾ, ਸਿੱਖ ਦੀ ਰਹਿਤ ਪਿਆਰੀ ਹੈ। ਸੋ ਨਿਗੁਰੇ ਦਾ ਤਾਂ ਦਰਸ਼ਨ ਕਰਨਾ, ਨਾਉਂ ਲੈਣਾ ਹੀ ਪਾਪ ਹੈ।"

*ਵਿਚਿ ਹਉਮੈ ਕਰਮ ਕਮਾਵਦੇ*
*ਜਿਉ ਵੇਸੁਆ ਪੁਤੁ ਨਿਨਾਉ॥"*

(੮੨)

ਕੰਮ ਬੜਾ ਕਰਦਾ ਹੈ, ਮਾਇਆ ਹੈ ਤੇ ਇੱਜ਼ਤ ਵੀ ਬੜੀ ਹੈ। ਪਰ ਦਰਜਾ ? "ਬੇਸੁਵਾ ਪੁਤੁ ਨਿਨਾਉ" ਖਰਾ ਜਿਹਾ ਬਚਨ ਹੈ, ਵਜ਼ਨਦਾਰ ਹੈ। ਕਈ ਕਹਿੰਦੇ ਨੇ, ਕਿਹੋ ਜਿਹੇ ਬਚਨ ਕਹਿੰਦੇ ਨੇ। ਬੇਸੁਵਾ ਦੇ ਪੁੱਤਰ ਪੈਦਾ ਹੋਵੇ, ਕਿਸਨੂੰ ਬਾਪੂ ਕਹੇਗਾ, ਹੈ ਕੋਈ ਬਾਪੂ ? ਕੋਈ ਨਹੀਂ ਬਾਪੂ। ਤੇ ਨਿਗੁਰਾ ਤਾਂ ਇਹੋ ਜਿਹਾ ਹੀ ਹੈ। ਨਿਗੁਰੇ ਨਾਂ ਬਣੀਏ, ਕਲਗੀਧਰ ਦੇ ਸਿੱਖ ਬਣੀਏ। ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਈਏ। ਹੁਣ ਆਲਸ ਦਾ ਵੇਲਾ ਨਹੀਂ, ਚੌਕਸੀ ਦਾ ਵੇਲਾ ਹੈ। ਖਾਲਸੇ ਨੂੰ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਹਾਂ ਖਾਲਸੇ ਸਦਾ ਤਿਆਰ ਬਰ ਤਿਆਰ ਰਹਿੰਦੇ ਨੇ।

ਇਸ ਤਰ੍ਹਾਂ ਬਾਬਾ ਨੰਦ ਸਿੰਘ ਜੀ ਦੀ ਚਲਾਈ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਰੂਪ ਵਿੱਚ ਪ੍ਰਤੱਖ ਦੇਖਦੇ ਹੋਇਆਂ ਗੁਰਮਤਿ ਦੀ ਸ਼ੁੱਧ ਮਰਯਾਦਾ ਅਤੇ ਪਰੰਪਰਾ ਨੂੰ ਆਪ ਜੀ ਨੇ ਕਥਾ ਕੀਰਤਨ ਅਤੇ ਅਨਮੋਲ ਬਚਨਾਂ ਰਾਹੀਂ ਅੱਗੇ ਤੋਰਿਆ ਹੀ ਨਹੀਂ ਸਗੋਂ ਇਸ ਵਿੱਚ ਦੂਣ ਸਵਾਇਆ ਵਾਧਾ ਵੀ ਕੀਤਾ। ਇਹੋ ਕਾਰਨ ਹੈ ਕਿ ਅੱਜ ਅਣਗਿਣਤ ਸੰਗਤਾਂ ਦੇਸ਼-ਵਿਦੇਸ਼ ਵਿੱਚ ਬਾਬਾ ਜੀ ਦੀ ਚਲਾਈ ਪਰੰਪਰਾ ਉੱਪਰ ਅਮਲ ਕਰਕੇ ਗੁਰਮਤਿ ਦਾ ਲਾਭ ਉਠਾ ਰਹੀਆਂ ਹਨ।

ਬਾਬਾ ਜੀ ਨੇ ਸ਼ਹਿਰ ਬਰਨਾਲਾ, ਭਦੌੜ, ਭਾਈ ਕੀ ਸਮਾਧ, ਸੀਹੜੇ, ਦੇਹਰਾਦੂਨ, ਲੁਧਿਆਣਾ, ਝੋਰੜਾਂ, ਸ਼ੇਰਪੁਰੇ, ਬਤੂੰਦੀ ਤੇ ਦਿੱਲੀ ਆਦਿ ਵਿਖੇ ਆਪਣੇ ਹੱਥੀਂ ਕਈ ਠਾਠ ਬਣਾ ਕੇ, ਇਨ੍ਹਾਂ ਠਾਠਾਂ ਦੇ ਆਲੇ ਦੁਆਲੇ ਦੇ ਸੈਂਕੜੇ ਹੀ ਪਿੰਡਾਂ ਤੇ ਸ਼ਹਿਰਾਂ ਦੀਆਂ ਸੰਗਤਾਂ ਦਾ ਠਾਠਾਂ ਮਾਰਦਾ ਹੜ੍ਹ ਦਿਨੋ ਦਿਨ ਗੁਰੂ ਨਾਨਕ ਪਾਤਸ਼ਾਹ ਜੀ ਦੇ ਦਰ ਘਰ ਨਾਲ ਜੁੜਣ ਲੱਗਾ। ਇੱਥੇ ਹੀ ਬੱਸ ਨਹੀਂ ਦੇਸ ਦੇ ਕੋਨੇ-2 ਵਿੱਚ ਬਾਬਾ ਜੀ ਨੇ ਪਹੁੰਚ ਕੇ ਧਰਮ ਪ੍ਰਚਾਰ ਲਈ ਦੀਵਾਨ ਸਜਾਏ। ਬਾਬਾ ਜੀ ਦੇ ਦੀਵਾਨਾਂ ਦੀ ਵੱਡੀ ਵਿਸ਼ੇਸ਼ਤਾ ਇਹ ਹੋਇਆ ਕਰਦੀ ਸੀ ਕਿ ਇਨ੍ਹਾਂ ਵਿੱਚ ਸਿੱਖ ਸੰਗਤਾਂ ਦੇ ਬਰਾਬਰ ਹੀ ਹਿੰਦੂ ਤੇ ਮੁਸਲਮਾਨ ਵੀ ਹੋਇਆ ਕਰਦੇ ਸਨ। ਆਪ ਜੀ ਦੀ ਸਰਬ ਸਾਂਝੀਵਾਲਤਾ, ਪ੍ਰੇਮ ਤੇ ਸ਼ਾਂਤਮਈ ਮਿੱਠੇ ਬੋਲਾਂ ਨੂੰ ਹਜ਼ਾਰਾਂ ਸੰਗਤਾਂ ਘੰਟਿਆਂ ਬੱਧੀ ਸੁਣਿਆ ਕਰਦੀਆਂ ਤੇ ਲਾਭ ਉਠਾਉਂਦੀਆਂ ਸਨ।

ਇੱਕ ਵੇਰਾਂ ਬਾਬਾ ਈਸ਼ਰ ਸਿੰਘ ਜੀ ਕਲਕੱਤੇ ਗਏ। ਸਮਾਗਮ ਇਸ ਤਰ੍ਹਾਂ ਬਣਿਆ, ਕਿ ਬਾਬਾ ਜੀ ਦੀ ਬਰਸੀ ਦੇ ਸੰਬੰਧ ਵਿੱਚ, ਅਖੰਡ-ਪਾਠ ਹੋਏ। ਹੋਰ ਵੀ ਰਾਗੀ ਜੱਥੇ, ਢਾਡੀ ਜੱਥੇ ਗਏ। ਇੱਕ ਪ੍ਰੇਮੀ ਬਾਬਾ ਜੀ ਨੂੰ ਕਹਿਣ ਲੱਗਿਆ,

ਜੀ 'ਕੋਈ ਖਰੇ ਜਿਹੇ ਬਚਨ ਸੁਣਾਉ, ਇਹ ਸਾਰੇ ਡਰਾਈਵਰ ਤਬਕਾ ਇਹੋ ਜਿਹੇ ਹੀ ਹਨ। ਤੁਹਾਡੇ ਖਰੇ ਬਚਨਾਂ ਨਾਲ ਕੁੱਝ ਫਰਕ ਪੈ ਜਾਇਗਾ।' (**ਬਾਬਾ ਜੀ ਬਚਨਾ ਵਿੱਚੋਂ**) ਬਾਬਾ ਜੀ ਕਹਿੰਦੇ ਮਹਾਰਾਜ, ਪੰਗਾ ਜਿਹਾ ਤੁਸੀਂ ਕਰ ਲਉ, ਤੇ ਡੰਡੇ ਸਾਡੇ ਤੋਂ ਮਰਵਾਉ। ਸੋ ਦਾਸ ਦਾ ਟਾਈਮ ਆਇਆ, ਮੈਂ ਕਿਹਾ ਭਾਈ ਸਭ ਤੋਂ ਵੱਡਾ ਸ਼ੇਰ ਹੁੰਦੈ। ਸ਼ੇਰ ਜਾਨਵਰ ਹੁੰਦੈ, ਉਸਦੀ ਮੁੱਛ ਨੂੰ ਕੋਈ ਹੱਥ ਨਹੀਂ ਪਾ ਸਕਦਾ। ਜੇ ਮੁੱਛ ਨੂੰ ਕਿਸੇ ਹੱਥ ਪਾ ਦਿੱਤਾ ਤਾਂ ਆਪਣਾ ਖਾਤਮਾ ਕਰਾਵੇਗਾ। ਪਰ ਉਸ ਦੀ ਮੁੱਛ ਨੂੰ ਕੋਈ ਹੱਥ ਨਹੀਂ ਪਾ ਸਕਦਾ। ਸਭ ਨੇ ਅੰਮ੍ਰਿਤ ਛਕਿਆ ਮਹਾਰਾਜ ਸਭਨੇ। (ਹੱਸਦੇ ਹੱਸਦੇ ਬਚਨ ਕਰਦੇ ਨੇ) ਕਹਿੰਦੇ ਮੁੜ ਕੇ ਦਾੜ੍ਹੀਆਂ ਨਹੀਂ ਕਟਵਾਉਂਦੇ। ਇਹੀ ਕੁੱਝ ਹੈ ਸਾਡੇ ਕੋਲ ਤਾਂ ਆਰਤਾ ਹੀ ਹੈ ਮਹਾਰਾਜ। ਆਰਤੀ ਊਰਤੀ ਹੈ ਨਹੀਂ ਸਾਡੇ ਕੋਲ, ਤੁਸੀਂ ਆਰਤੀ ਚਾਹੁੰਦੇ ਹੋ। ਜੱਟਾਂ ਦਾ ਆਰਤਾ ਹੀ ਹੈ:

***"ਗੋਪਾਲ ਤੇਰਾ ਆਰਤਾ॥***
***ਜੋ ਜਨ ਤੁਮਰੀ ਭਗਤਿ ਕਰੰਤੇ,***
***ਤਿਨ ਕੇ ਕਾਜ ਸਵਾਰਤਾ॥"*** (੬੮੫)

ਇਹ ਥਰਡ 'ਚ ਜਾਣ ਵਾਲੇ ਬੰਦੇ ਹੈ। ਜੇ ਉਨ੍ਹਾਂ ਨੂੰ ਇਸ ਤਰ੍ਹਾਂ ਨਾਹ ਕਹੀਏ ਤਾਂ ਸਮਝਦੇ ਥੋੜ੍ਹਾ ਹੈ। ਦਾੜ੍ਹੀਆਂ ਕੱਟੀ ਜਾਂਦੇ ਨੇ। ਇੱਕ ਆਖੇ ਕਿ ਦਾੜ੍ਹੀ ਪਿੱਛੇ ਥੋੜ੍ਹੇ ਹੁੰਦੀ ਹੈ ਸਿੱਖੀ। ਸਿੱਖੀ ਤਾਂ ਅੰਦਰ ਵੀ ਹੈ ਨਾ। ਮੈਂ ਕਿਹਾ ਦਿਖਾ ਕਿੱਥੇ ਹੈ ਅੰਦਰ ਸਿੱਖੀ ? ਕਹਿੰਦਾ ਕੱਲੀ ਦਾੜ੍ਹੀ ਨਾਲ ਥੋੜ੍ਹੇ ਹੁੰਦੀ ਹੈ ਸਿੱਖੀ ? ਆਖੇ ਦਾੜ੍ਹੀ ਦਾ ਕੀ ਹੈ ? ਮੈਂ ਕਿਹਾ ਦਾੜ੍ਹੀ 'ਚ ਹੈ ਕੁੱਛ। ਮੈਂ ਆਖਿਆ ਕਿ ਜਿਸ ਤਰ੍ਹਾਂ ਪਤੀ ਬਰਤਾ, ਸੁਹਾਗਣ ਦੇ ਗਹਿਣੇ ਪਾਏ ਹੁੰਦੇ ਹੈ ਨਾ, ਸੁਹਾਗਣ ਦਾ ਚਿਹਰਾ ਦੇਖੋ। ਨਾ ਗਹਿਣੇ ਪਾਏ ਹੋਣ, ਕੀ ਤੁਹਾਨੂੰ ਭੱਦੀ ਜਿਹੀ ਨਹੀਂ ਲੱਗਦੀ ? ਸੋਹਾਗਣ ਦੇ ਗਹਿਣੇ ਪਾਏ ਹੁੰਦੇ ਹੈ, ਰੌਣਕ ਆ ਜਾਂਦੀ ਹੈ।

ਇਹ ਤਾਂ ਸਿੱਖ ਦਾ ਸ਼ਿੰਗਾਰ ਹੈ, ਸਿੱਖ ਵਾਸਤੇ। ਸਹਿਜਧਾਰੀ ਤਾਂ ਹੋਇਆ ਚਲੋ ਠੀਕ ਹੈ, ਪਰ ਸਿੱਖ ਵਾਸਤੇ ਦੋਸ਼ ਹੈ। ਮੇਰਾ ਮਤਲਬ ਭਾਵ, ਕਿ ਸਿੱਖ ਨੂੰ ਸਾਬਤ ਸੂਰਤ ਹੋਣਾ ਚਾਹੀਦਾ ਹੈ। ਪਜਾਮਾ ਪਹਿਨਿਆ ਹੋਵੇ, ਸਿੱਖ ਹੈ ਗੁਰੂ ਘਰ ਦਾ। ਸਾਡੇ ਹੁਲੀਏ ਨੇ ਅਸਰ ਪਾਉਣਾ ਹੈ। ਸੋ ਕੱਪੜੇ ਪਾਉਣੇ ਜਾਂ ਮਾਇਆ ਇਕੱਠੀ ਕਰਨੀ ਹੀ ਕਾਫੀ ਨਹੀਂ ਹੈ। ਅੰਮ੍ਰਿਤ ਛਕਿਆ ਹੈ, ਬਾਣੀ ਪੜ੍ਹਦਾ ਹੈ, ਗੁਰੂ ਕਾ ਸਿੱਖ ਹੈ। ਉਸਨੂੰ ਕੋਈ ਫਿਕਰ ਕਰਨ ਦੀ ਲੋੜ ਨਹੀਂ, ਛਾਲਾਂ ਮਾਰਦਾ ਫਿਰੇ। ਅੰਮ੍ਰਿਤ ਨਹੀਂ ਛਕਿਆ, ਬਾਣੀ ਨਹੀਂ ਪੜ੍ਹਦਾ, ਸਿੱਖ ਨਹੀਂ ਪਿਆਰਾ, ਸਿੱਖ ਦੀ ਰਹਿਤ ਪਿਆਰੀ ਹੈ :

***'ਰਹਿਣੀ ਰਹੈ ਸੋਈ ਸਿਖ ਮੇਰਾ।।***
***ਉਹ ਸਾਹਿਬ ਮੈਂ ਉਸਕਾ ਚੇਰਾ।।"***

ਬਾਬਾ ਜੀ ਨੇ ਨਾਨਕਸਰ ਕਲੇਰਾਂ, ਬਾਕੀ ਠਾਠਾਂ ਅਤੇ ਹੋਰ ਸੰਬੰਧਤ ਅਸਥਾਨਾਂ ਦੀ ਮਰਯਾਦਾ ਤੇ ਨਿਯਮ ਸਖ਼ਤੀ ਨਾਲ ਪੱਕੇ ਤੌਰ ਤੇ ਇੱਕੋ ਜਿਹੇ ਹੀ ਚਾਲੂ ਕਰਵਾਏ ਤਾਂ ਜੋ ਸਭਨੀਂ ਥਾਈਂ ਰਹਿਤ ਮਰਯਾਦਾ ਵਿੱਚ ਇਕਸੁਰਤਾ ਤੇ ਭਾਵਾਤਮਿਕ ਸਾਂਝ ਹੋਵੇ। ਇਸੇ ਪ੍ਰਕਾਰ ਵੱਡੇ ਬਾਬਾ ਜੀ ਦੀ ਹੀ ਪ੍ਰਪੰਰਾ ਨੂੰ ਅੱਗੇ ਤੋਰਨ ਲਈ ਪਾਠ, ਕਥਾ, ਕੀਰਤਨ ਤੇ ਹੋਰ ਸਭ ਪ੍ਰੋਗਰਾਮਾਂ ਦੇ ਸਮੇਂ ਨੂੰ ਭੀ ਪੂਰੀ ਤਰ੍ਹਾਂ ਨਿਯਮਤ ਰੂਪ ਦਿੱਤਾ ਗਿਆ। ਸਮੇਂ ਦੀ ਪਾਬੰਦੀ ਅਤੇ ਨਿਯਮਾਂ ਦੀ ਪਾਲਣਾ ਆਪ ਜੀ ਦਾ ਮੁੱਖ ਅਸੂਲ ਬਣ ਗਿਆ ਸੀ। ਬਾਬਾ ਜੀ ਸਾਹਿਬ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੇਵਾ, ਦੀਵਾਨ ਅਸਥਾਨਾਂ ਦੀ ਸਫਾਈ, ਸਜਾਵਟ ਆਦਿ ਵੱਲ ਵਿਸ਼ੇਸ਼ ਧਿਆਨ ਦਿੰਦੇ ਸਨ। ਬਿਹੰਗਮਾਂ ਅਤੇ ਸੇਵਾ ਕਰਨ ਵਾਲੀਆਂ ਸੰਗਤਾਂ ਨੂੰ ਭੀ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨ ਦੀਆਂ ਸਖ਼ਤ ਹਦਾਇਤਾਂ ਸਨ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਬਾਬਾ ਜੀ ਨੇ ਜਿਸ ਸਿੱਖੀ ਦੀ ਫੁਲਵਾੜੀ ਨੂੰ ਨਿਰੰਤਰ 20 ਸਾਲ ਸਿੰਜਿਆ ਉਹ ਅੱਜ ਦੇਸ਼ ਵਿਦੇਸ਼ ਵਿੱਚ ਇੱਕ ਪੂਰਾ ਬਾਗ਼ ਬਣਕੇ ਆਪਣੀਆਂ ਮਹਿਕਾਂ ਤੇ ਖੁਸ਼ਬੋਈਆਂ ਵੰਡ ਰਹੀ ਹੈ।

ਬਾਬਾ ਜੀ 7 ਅਕਤੂਬਰ 1963 ਈ: 21 ਅਸੂ ਸੰਮਤ 2002 ਨੂੰ 48 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਹੀ ਸਚਖੰਡ ਵਿਖੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਲਿਵਲੀਣ ਹੋ ਗਏ। 23 ਅਸੂ ਨੂੰ ਇੱਕ ਵਿਸ਼ਾਲ ਠਾਠਾਂ ਮਾਰਦੇ ਸੰਗਤਾਂ ਦੇ ਇਕੱਠ ਨੇ ਨਗਰ ਕੀਰਤਨ ਕਰਦਿਆਂ ਬਾਬਾ ਜੀ ਦਾ ਪਵਿੱਤਰ ਸਰੀਰ ਹਰੀਕੇ ਪੱਤਣ ਦਰਿਆ ਦੇ ਪੁਲ ਪਾਸ ਡੂੰਘੇ ਪਾਣੀ ਦੇ ਵਹਿਣ ਵਿੱਚ ਸੇਜਲ ਅੱਖਾਂ ਰਾਹੀਂ ਜਲ ਪ੍ਰਵਾਹ ਕਰ ਦਿੱਤਾ।

✲✲✲